# ...ਵੱਚ ਬੇਨਿਯਮੀਆਂ ਬਰਦਾਸ਼ਤ ਨਹੀਂ: ਚੌਹਾਨ

## ...ਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਦਾ ਦਿੱਤਾ ਭਰੋਸਾ



ਲੋਕ ਸਭਾ 'ਚ ਸੰਬੋਧਨ ਕਰਦੇ ਹੋਏ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ। -ਫੋਟੋ: ਏਐੱਨਆਈ

ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।'

ਇਕ ਹੋਰ ਸਵਾਲ ਦੇ ਜਵਾਬ 'ਚ ਮੰਤਰੀ ਨੇ ਕਿਹਾ ਕਿ ਹੁਣ ਤੱਕ 23 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (ਪੀਐੱਮਐੱਫਬੀਵਾਈ) ਲਾਗੂ ਕਰ ਦਿੱਤੀ ਹੈ। ਉਨ੍ਹਾਂ ਕਿਹਾ, 'ਇਹ ਦੁਨੀਆ ਦੀ ਸਭ ਤੋਂ ਵੱਡੀ ਫਸਲ ਬੀਮਾ ਯੋਜਨਾ ਹੈ। ਕੁਝ ਸੂਬੇ ਆਪਣੀਆਂ ਫਸਲ ਬੀਮਾ ਯੋਜਨਾਵਾਂ ਜਾਰੀ ਰੱਖ ਰਹੇ ਹਨ। ਅਸੀਂ ਉਨ੍ਹਾਂ ਨੂੰ ਪੀਐੱਮਐੱਫਬੀਵਾਈ ਦੇ ਲਾਭਾਂ ਤੋਂ ਜਾਣੂ ਕਰਵਾਇਆ ਹੈ ਅਤੇ ਉਨ੍ਹਾਂ ਨੂੰ ਇਸ ਨੂੰ ਲਾਗੂ ਕਰਨ ਦੀ ਅਪੀਲ ਕੀਤੀ ਹੈ।' ਇਕ ਹੋਰ ਸਵਾਲ ਦੇ ਜਵਾਬ ਵਿਚ ਚੌਹਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰਜੀਹ ਦੇਸ਼ ਦੇ ਕਿਸਾਨਾਂ ਦੀ ਆਮਦਨ ਵਧਾਉਣਾ ਹੈ। **-ਪੀਟੀਆਈ**

# ਯੂਨੀਸੈੱਫ ਵੱਲੋਂ ਭਾਰਤ 'ਚ ਬੱਚਿਆਂ ਦੀ ਸੜਕ ਸੁਰੱਖਿਆ ਲਈ ਖ਼ਾਕਾ ਜਾਰੀ

**ਨਵੀਂ ਦਿੱਲੀ, 4 ਫਰਵਰੀ**

ਭਾਰਤ ਵਿੱਚ ਬੱਚਿਆਂ ਤੇ ਨਾਬਾਲਗਾਂ ਦੀ ਸੜਕ ਸੁਰੱਖਿਆ ਲਈ ਯੂਨੀਸੈੱਫ ਨੇ ਵਿਸ਼ਵ ਸਿਹਤ ਸੰਸਥਾ (ਡਬਲਿਊਐੱਚਓ) ਦੇ ਕੋਲੈਬੋਰੇਟਿੰਗ ਸੈਂਟਰ ਫਾਰ ਇੰਜਰੀ ਪ੍ਰੀਵੈਂਸ਼ਨ ਐਂਡ ਸੇਫਟੀ ਦੇ ਸਹਿਯੋਗ ਨਾਲ ਅੱਜ ਨੈਸ਼ਨਲ ਇੰਸਟੀਚਿਊਟ ਆਫ਼ ਮੈਂਟਲ ਹੈਲਥ ਐਂਡ ਨਿਊਰੋਸਾਇੰਸਿਜ਼ (ਨਿਮਹਾਂਸ) ਵਿਖੇ ਖ਼ਾਕਾ ਜਾਰੀ ਕੀਤਾ ਹੈ। ਬਿਆਨ ਵਿੱਚ ਕਿਹਾ ਗਿਆ ਹੈ, "ਸੜਕ ਹਾਦਸੇ ਅੱਜ ਬੱਚਿਆਂ ਤੇ ਨਾਬਾਲਗਾਂ ਦੀ ਮੌਤ ਦਾ ਮੁੱਖ ਕਾਰਨ ਹਨ, ਜੋ ਦੇਸ਼ ਵਿੱਚ ਸੜਕ ਹਾਦਸਿਆਂ ਦੌਰਾਨ ਹੋਣ ਵਾਲੀਆਂ ਸਾਰੀਆਂ ਮੌਤਾਂ ਦਾ ਦਸ ਫੀਸਦ ਹਨ।" ਨਿਮਹਾਂਸ ਵਿੱਚ ਡਬਲਿਊਐੱਚਓ ਦੇ ਕੋਲੈਬੋਰੇਟਿੰਗ ਸੈਂਟਰ ਫਾਰ ਇੰਜਰੀ ਪ੍ਰੀਵੈਂਸ਼ਨ ਐਂਡ ਸੇਫਟੀ ਦੇ ਮੁਖੀ ਪ੍ਰੋਫੈਸਰ ਗੌਤਮ ਮੇਲੂਰ ਨੇ ਕਿਹਾ, "ਭਾਰਤ ਵਿੱਚ ਸੜਕ ਹਾਦਸਿਆਂ ਦੌਰਾਨ ਹਰ ਰੋਜ਼ 18 ਤੱਕ ਸਾਲ ਦੀ ਉਮਰ ਦੇ ਲਗਪਗ 45 ਹਜ਼ਾਰ ਬੱਚਿਆਂ ਦੀਆਂ ਜਾਨਾਂ ਜਾ ਰਹੀਆਂ ਹਨ। ਸਾਲ 2022 ਵਿੱਚ ਇਸ ਉਮਰ ਵਰਗ ਦੀਆਂ 16,443 ਮੌਤਾਂ ਦਰਜ ਕੀਤੀਆਂ ਗਈਆਂ ਜਿਨ੍ਹਾਂ ਦੀ ਘੱਟ ਰਿਪੋਰਟਿੰਗ ਕਾਰਨ ਅਸਲ ਗਿਣਤੀ 20 ਫੀਸਦ ਵੱਧ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਹਰ ਸਾਲ ਲਗਪਗ 50 ਲੱਖ ਬੱਚੇ ਗ਼ੈਰ-ਘਾਤਕ ਸੱਟਾਂ ਤੋਂ ਪੀੜਤ ਹੁੰਦੇ ਹਨ ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਨ ਦੀ ਲੋੜ ਹੁੰਦੀ ਹੈ।" ਭਾਰਤ ਵਿੱਚ ਬੱਚਿਆਂ ਲਈ ਸੜਕ ਸੁਰੱਖਿਆ ਮਾਪਦੰਡਾਂ ਦੀ ਸਭ ਤੋਂ ਵੱਧ ਲੋੜ 'ਤੇ ਜ਼ੋਰ ਦਿੰਦਿਆਂ ਯੂਨੀਸੈੱਫ ਇੰਡੀਆ ਦੇ ਸਿਹਤ ਆਫੀਸਰ ਇੰਚਾਰਜ ਵਿਵੇਕ ਸਿੰਘ ਨੇ ਕਿਹਾ, "ਬੱਚੇ ਆਪਣੀ ਸਰੀਰਕ, ਵਿਕਾਸਸ਼ੀਲ ਤੇ ਸਰੀਰਕ ਵਿਸ਼ੇਸ਼ਤਾਵਾਂ ਕਾਰਨ ਗੰਭੀਰ ਸੱਟਾਂ ਦਾ ਸ਼ਿਕਾਰ ਹੁੰਦੇ ਹਨ। ਲਗਪਗ 50 ਫੀਸਦ ਮੌਤਾਂ ਘਟਨਾ ਸਥਾਨ 'ਤੇ ਹੀ ਹੋ ਜਾਂਦੀਆਂ ਹਨ, ਜਿਨ੍ਹਾਂ ਵਿੱਚ ਸਿਰ ਦੀਆਂ ਸੱਟਾਂ ਸਭ ਤੋਂ ਆਮ ਹਨ। ਉਸ ਮਗਰੋਂ ਸਰੀਰ ਦੇ ਹੇਠਲੇ ਹਿੱਸਿਆਂ 'ਤੇ ਸੱਟਾਂ ਲਗਦੀਆਂ ਹਨ। **-ਏਐੱਨਆਈ**

> **ਸੜਕ ਹਾਦਸਿਆਂ ਦੌਰਾਨ ਰੋਜ਼ਾਨਾ ਲਗਪਗ 45 ਹਜ਼ਾਰ ਬੱਚਿਆਂ ਦੀਆਂ ਜਾਨਾਂ ਜਾਣ ਦਾ ਦਾਅਵਾ**

# ਇੰਦੌਰ 'ਚ 10 ਰੁਪਏ ਭੀਖ ਦੇਣ ਦੇ ਦੋਸ਼ ਹੇਠ ਕੇਸ ਦਰਜ

**ਇੰਦੌਰ:** ਇੰਦੌਰ ਵਿੱਚ ਇੱਕ ਮੰਦਰ ਦੇ ਸਾਹਮਣੇ ਬੈਠੇ ਮੰਗਤੇ ਨੂੰ 10 ਰੁਪਏ ਦੇਣ ਦੇ ਦੋਸ਼ ਹੇਠ ਵਾਹਨ ਚਾਲਕ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇੱਥੇ ਪ੍ਰਸ਼ਾਸਨ ਨੇ ਭੀਖ ਮੰਗਣ ਅਤੇ ਦੇਣ 'ਤੇ ਪਾਬੰਦੀ ਲਾਈ ਹੈ। ਸ਼ਹਿਰ ਵਿੱਚ 15 ਦਿਨਾਂ 'ਚ ਅਜਿਹਾ ਦੂਜਾ ਕੇਸ ਦਰਜ ਕੀਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਲਸੂਦੀਆ ਥਾਣੇ ਅਧੀਨ ਪੈਂਦੇ ਮੰਦਰ ਸਾਹਮਣੇ ਬੈਠੇ ਮੰਗਤੇ ਨੂੰ 10 ਰੁਪਏ ਦੇਣ ਵਾਲੇ ਅਣਪਛਾਤੇ ਵਾਹਨ ਚਾਲਕ ਖ਼ਿਲਾਫ਼ ਸੋਮਵਾਰ ਨੂੰ ਬੀਐੱਨਐੱਸ ਦੀ ਧਾਰਾ 223 (ਸਰਕਾਰੀ ਸੇਵਕ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਦੀ ਉਲੰਘਣਾ) ਤਹਿਤ ਐੱਫਆਈਆਰ ਦਰਜ ਕੀਤੀ ਗਈ ਹੈ। ਇਸ ਧਾਰਾ ਤਹਿਤ ਮੁਲਜ਼ਮ ਨੂੰ ਸਾਲ ਤੱਕ ਦੀ ਕੈਦ ਜਾਂ 5,000 ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ। ਇਹ ਕਾਰਵਾਈ ਪ੍ਰਸ਼ਾਸਨ ਵੱਲੋਂ ਮੰਗਤੇ ਖ਼ਤਮ ਕਰਨ ਸਬੰਧੀ ਬਣਾਈ ਗਈ ਟੀਮ ਦੇ ਅਧਿਕਾਰੀ ਫੂਲ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤੀ ਗਈ ਹੈ। ਇੰਦੌਰ ਪ੍ਰਸ਼ਾਸਨ ਨੇ ਨਾ ਸਿਰਫ਼ ਭੀਖ ਮੰਗਣ, ਸਗੋਂ ਭੀਖ ਦੇਣ ਅਤੇ ਉਨ੍ਹਾਂ ਤੋਂ ਕੋਈ ਸਾਮਾਨ ਖਰੀਦਣ 'ਤੇ ਵੀ ਕਾਨੂੰਨੀ ਪਾਬੰਦੀ ਲਾਈ ਹੋਈ ਹੈ। **-ਪੀਟੀਆਈ**

## ਫਾਰਮ-ਜੀ
## ਰੁਚੀ ਦੇ ਪ੍ਰਗਟਾਵੇ ਲਈ ਸੱਦਾ

**ਮੁਹਾਲੀ, ਪੰਜਾਬ ਵਿਖੇ ਪਹਿਲਾਂ ਨਿਰਮਾਣ ਬਿਜ਼ਨਸ ਵਿਚ ਲੱਗੀ**
**"ਆਦਰਸ਼ ਸੁਪਰ ਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ" ਲਈ ਰੁਚੀ ਦੇ ਪ੍ਰਗਟਾਵੇ ਦਾ ਸੱਦਾ**
(ਇਨਸਾਲਵੈਂਸੀ ਐਂਡ ਬੈਂਕਰੁਪਟਸੀ ਬੋਰਡ ਆਫ਼ ਇੰਡੀਆ (ਇਨਸਾਲਵੈਂਸੀ ਰੈਜ਼ੋਲਿਊਸ਼ਨ ਪ੍ਰਾਸੈੱਸ ਫਾਰ ਕਾਰਪੋਰੇਟ ਪਰਸਨਜ਼) ਰੈਗੂਲੇਸ਼ਨਜ਼ 2016 ਦੇ ਰੈਗੂਲੇਸ਼ਨ 36A (1) ਅਧੀਨ)

| ਸਬੰਧਤ ਵੇਰਵਾ | | |
|---|---|---|
| 1. | ਪੈਨ/ਸਿਨ/ਐਲਐਲਪੀ ਨੰਬਰ ਸਹਿਤ ਕਾਰਪੋਰੇਟ ਡੇਬਟਰ ਦਾ ਨਾਂ | ਆਦਰਸ਼ ਸੁਪਰ ਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ<br>PAN: AAICA9366N<br>CIN: U45200PB2009PTC032660 |
| 2. | ਰਜਿਸਟਰਡ ਦਫਤਰ ਦਾ ਪਤਾ | ਰਜਿ. ਦਫਤਰ:<br>ਪਲਾਟ ਨੰ. ਈ-328, ਫੇਜ਼-8-ਏ, ਇੰਡਸਟਰੀਅਲ ਏਰੀਆ (ਸਾਹਮਣੇ ਜੁਡੀਸ਼ੀਅਲ ਕੰਪਲੈਕਸ), ਮੁਹਾਲੀ, ਪੰਜਾਬ-160070, ਭਾਰਤ |
| 3. | ਯੂਆਰਐਲ ਆਫ਼ ਵੈੱਬਸਾਈਟ | ਸੁਲੱਭ ਨਹੀਂ |
| 4. | ਸਥਾਨ ਦਾ ਵੇਰਵਾ, ਜਿੱਥੇ ਬਹੁਤ ਸਾਰੇ ਫਿਕਸਡ ਅਸਾਸੇ ਸਥਿਤ ਹਨ | ਪ੍ਰਸਤਾਵ ਪ੍ਰੋਫੈਸ਼ਨਲ ਕੋਲ ਸੁਲੱਭ ਵੇਰਵੇ ਅਨੁਸਾਰ ਕਾਰਪੋਰੇਟ ਡੇਟਰ ਦੀ ਮਲਕੀਅਤ ਵਿਚ ਕੋਈ ਫਿਕਸਡ ਅਸਾਸੇ ਨਹੀਂ ਹਨ। |
| 5. | ਮੇਨ ਪ੍ਰਾਡਕਟਾਂ/ਸਰਵਿਸਿਜ਼ ਦੀ ਸਥਾਪਤ ਸਮਰੱਥਾ | ਪ੍ਰਸਤਾਵ ਪ੍ਰੋਫੈਸ਼ਨਲ ਕੋਲ ਸੁਲੱਭ ਵੇਰਵੇ ਅਨੁਸਾਰ ਮੇਨ ਪ੍ਰਾਡਕਟਾਂ/ਸੇਵਾਵਾਂ ਦੀ ਕੋਈ ਸਥਾਪਤ ਸਮਰੱਥਾ ਨਹੀਂ ਹੈ। |
| 6. | ਪਿਛਲੇ ਮਾਲੀ ਸਾਲ ਵਿਚ ਵੇਚੇ ਮੇਨ ਪ੍ਰਾਡਕਟਾਂ/ਸਰਵਿਸਿਜ਼ ਦੀ ਮਾਤਰਾ ਅਤੇ ਕੀਮਤ | ਡਾਇਰੈਕਟਰ (ਸ਼ਕਤੀਆਂ ਮੁਲਤਵੀ) ਵੱਲੋਂ ਪ੍ਰਦਾਨ ਕੀਤੇ ਅਨੁਸਾਰ 2023-24 ਨੂੰ ਸਮਾਪਤ ਸਾਲ ਲਈ ਆਡਿਟਿਡ ਮਾਲੀ ਸਟੇਟਮੈਂਟਸ ਦੇ ਅਨੁਸਾਰ ਅਪਰੇਸ਼ਨਾਂ ਤੋਂ ਮਾਲੀਆ ਰੂ. 20,762/- ਹੈ। |
| 7. | ਕਰਮਚਾਰੀਆਂ/ਵਰਕਮੈਨ ਦੀ ਸੰਖਿਆ | ਸੁਲੱਭ ਨਹੀਂ |
| 8. | ਪ੍ਰਾਸੈੱਸ ਦੇ ਬਾਅਦ ਦੇ ਇਵੈਂਟ ਲਈ ਸਬੰਧਤ ਕ੍ਰੈਡਿਟਰਾਂ ਦੀ ਸੂਚੀ ਦੋ ਸਾਲ ਦੀ ਅੰਤਿਮ ਸੁਲੱਭ ਮਾਲੀ ਸਟੇਟਮੈਂਟ (ਸ਼ੈਡਿਊਲ ਸਹਿਤ) ਹੋਰ ਵੇਰਵਾ ਇੱਥੇ ਸੁਲੱਭ ਹੈ। | ਈਮੇਲ ਭੇਜ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ- cirp.adarshsuperconstruction@gmail.com |
| 9. | ਕੋਡ ਦੇ ਸੈਕਸ਼ਨ 25(2) (h) ਦੇ ਅਧੀਨ ਪ੍ਰਸਤਾਵਤ ਬਿਨੈਕਾਰਾਂ ਲਈ ਯੋਗਤਾ ਸੁਲੱਭ: | ਈਮੇਲ ਭੇਜ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ- cirp.adarshsuperconstruction@gmail.com |
| 10. | ਰੁਚੀ ਦੀ ਅਭਿਵਿਅਕਤੀ ਪ੍ਰਾਪਤ ਕਰਨ ਲਈ ਅੰਤਿਮ ਮਿਤੀ | 20.02.2025 |
| 11. | ਸੰਭਾਵਤ ਪ੍ਰਸਤਾਵਤ ਬਿਨੈਕਾਰਾਂ ਦੀ ਆਰਜੀ ਸੂਚੀ ਜਾਰੀ ਕਰਨ ਦੀ ਮਿਤੀ | 02.03.2025 |
| 12. | ਆਰਜੀ ਸੂਚੀ ਸਬੰਧੀ ਇਤਰਾਜ਼ ਜਮ੍ਹਾਂ ਕਰਵਾਉਣ ਲਈ ਅੰਤਿਮ ਮਿਤੀ | 07.03.2025 |
| 13. | ਸੰਭਾਵਤ ਪ੍ਰਸਤਾਵ ਬਿਨੈਕਾਰਾਂ ਦੀ ਫਾਇਨਲ ਸੂਚੀ ਜਾਰੀ ਕਰਨ ਦੀ ਮਿਤੀ | 17.03.2025 |
| 14. | ਸੰਭਾਵਤ ਬਿਨੈਕਾਰਾਂ ਲਈ ਪ੍ਰਸਤਾਵ ਯੋਜਨਾ ਲਈ ਬੇਨਤੀ ਤੇ ਸੂਚਨਾ ਮੈਮੋਰੰਡਮ, ਮੁੱਲਾਂਕਣ ਮੈਟ੍ਰਿਕਸ ਜਾਰੀ ਕਰਨ ਦੀ ਮਿਤੀ | 22.03.2025 |
| 15. | ਪ੍ਰਸਤਾਵ ਯੋਜਨਾ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ | 21.04.2025 |
| 16. | ਈਓਆਈ ਜਮ੍ਹਾਂ ਕਰਵਾਉਣ ਲਈ ਪ੍ਰੋਸੈੱਸ ਈਮੇਲ ਆਈਡੀ | cirp.adarshsuperconstruction@gmail.com |

**ਨੋਟ:** ਸੀਆਈਆਰਪੀ ਦਾ 180ਵਾਂ ਦਿਵਸ ਮਿਤੀ 08 ਫਰਵਰੀ, 2025 ਨੂੰ ਖਤਮ ਹੋਣ ਜਾ ਰਿਹਾ ਹੈ। ਆਰ ਪੀ ਮਾਣਯੋਗ Adjudicating Authority ਕੋਲ ਟਾਈਮਲਾਈਨ ਦੇ ਵਿਸਤਾਰ ਲਈ ਬਿਨੈ-ਪੱਤਰ ਫਾਈਲ ਕਰਨ ਦੀ ਪ੍ਰਕਿਰਿਆ ਵਿਚ ਹੈ। ਉਕਤ ਟਾਈਮਲਾਈਨ ਮਾਣਯੋਗ Adjudicating Authority ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਐਕਸਟੈਂਸ਼ਨ 'ਤੇ ਆਧਾਰਿਤ ਹੈ।

**ਸਹੀ/- ਅਸ਼ੋਕ ਕੁਮਾਰ ਕੱਕੜ**
ਪ੍ਰਸਤਾਵ ਪ੍ਰੋਫੈਸ਼ਨਲ
ਆਦਰਸ਼ ਸੁਪਰ ਕੰਸਟਰਕਸ਼ਨ ਪ੍ਰਾਈਵੇਟ ਲਿਮਟਿਡ
**IBBI Reg. No.-** IBBI/IPA-002/IP-N01066/2020-2021/13407
**Email:** cirp.adarshsuperconstruction@gmail.com
Communication Address: #1598, Level-1,
Sector 22B, Chandigarh-160022
AFA valid Upto: 31.12.2025
Phone: +91-9996909992

**ਮਿਤੀ: 04.02.2025**
**ਸਥਾਨ: ਚੰਡੀਗੜ੍ਹ**

THE TRIBUNE 05.02.2025